# ਢੱਲਦੇ ਪਰਛਾਵੇਂ

ਭਾਗ-ਤੀਸਰਾ



ਮਨਪ੍ਰੀਤ ...

www.PunjabiLibrary.com

ਇਹ ਕਹਾਣੀ ਮੁਹੱਬਤ ਵਰਗੀ ਉਸ ਕੁੜੀ ਦੇ ਨਾਮ

.......

# ਢਲਦੇ-ਪਰਛਾਵੇਂ ਭਾਗ ਤੀਸਰਾ :-

ਪ੍ਰੀਤ ਦੇ ਕਹਿਣ ਤੇ ਬੀਣਾ ਨੇ ਸਿਲਾਈ ਸੈਂਟਰ ਵਿੱਚ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ-ਹੌਲੀ ਉਹ ਕੰਮ ਸਿੱਖ ਰਹੀ ਸੀ ਪਰ ਉਸਦੇ ਮਨ ਵਿੱਚ ਹਲੇ ਵੀ ਪ੍ਰੀਤ ਦੇ ਘਰ ਦੀ ਫਿਕਰ ਸੀ , ਹਰ ਰੋਜ਼ ਉਸਦੇ ਮਨ ਵਿੱਚ ਇਹੀਓ ਖਿਆਲ ਆਉਂਦੇ ਕਿ ਪ੍ਰੀਤ ਦੇ ਘਰ ਕੰਮ ਪੂਰਾ ਹੋਇਆ ਹੋਣਾ  ਜਾਂ ਨਹੀਂ | ਪ੍ਰੀਤ ਅਤੇ ਪ੍ਰੀਤ ਦੇ ਪਰਿਵਾਰ ਨਾਲ ਉਹ ਅੰਦਰੋਂ ਜੁੜ ਗਈ ਸੀ ਪਰ ਪ੍ਰੀਤ ਦੇ ਜ਼ੋਰ ਪਾਉਣ ਤੇ ਉਸਨੂੰ ਇਹ ਕੰਮ ਛੱਡਣਾ ਪਿਆ |

ਪ੍ਰੀਤ ਦੀ ਹਾਲਤ ਹੁਣ ਦਿਨ-ਬ-ਦਿਨ ਖਰਾਬ ਹੁੰਦੀ ਜਾ ਰਹੀ ਸੀ , ਉਸਦੇ ਸ਼ਰੀਰ ਦਾ ਭਾਰ ਅੱਗੇ ਨਾਲੋਂ ਬਹੁਤ ਘੱਟ ਗਿਆ ਸੀ ਅਤੇ ਉਸਨੂੰ ਨੀਂਦ ਵੀ ਨਾ ਦੇ ਬਰਾਬਰ ਆਉਂਦੀ ਸੀ | ਉਸਦੀ ਨਿੱਤ ਖਰਾਬ ਹੁੰਦੀ ਜਾ ਰਹੀ ਹਾਲਤ ਹਰਜੀਤ ਅਤੇ ਲੱਕੀ ਨੂੰ ਪਰੇਸ਼ਾਨ ਕਰ ਰਹੀ ਸੀ ਪਰ ਉਹਨਾਂ ਦੇ ਹੱਥ ਵਿੱਚ ਵੀ ਕੁੱਝ ਨਹੀਂ ਸੀ |

ਇਸੇ  ਤਰਾਂ ਹੀ ਹੌਲੀ-ਹੌਲੀ ਵਕਤ ਬੀਤ ਰਿਹਾ ਸੀ |

" ਕਿੰਨਾ ਸੁੱਕ ਗਿਐਂ , ਕਿਸ ਗੱਲ ਦਾ ਫਿਕਰ ਸਤਾ ਰਿਹਾ ?" ਉਹ ਕੁੜੀ ਪ੍ਰੀਤ ਦੇ ਕਮਰੇ ਦੀ ਬਾਰੀ ਕੋਲ ਖੜ੍ਹੀ ਉਸਨੂੰ ਪੁੱਛ ਰਹੀ ਸੀ |

" ਫਿਕਰ ਤੇ ਕੋਈ ਵੀ ਨਹੀਂ ਪਰ ਬੇਚੈਨੀ ਬਹੁਤ ਏ " ਪ੍ਰੀਤ ਨੇ ਕਿਹਾ |

"ਅਜਿਹਾ ਕੀ ਹੈ ਜੋ ਤੈਨੂੰ ਚੈਨ ਨਹੀਂ ਆਉਣ ਦੇ ਰਿਹਾ ?" ਕੁੜੀ ਨੇ ਕਿਹਾ |

" ਤੂਹੀਂ ਏਂ , ਮੇਰਾ ਤੇਰੇ ਨਾਲ ਗੱਲਾਂ ਕਰਨਾ , ਦੁਨਿਆਂ ਦੀ ਨਜ਼ਰ ਵਿੱਚ ਪਾਗਲਪਨ ਹੈ " ਪ੍ਰੀਤ ਨੇ  ਨਾਮੋਸ਼ੀ ਭਰੇ ਅੰਦਾਜ਼ ਵਿੱਚ ਕਿਹਾ |

" ਤੇਰਾ ਮੇਰੇ ਨਾਲ ਗੱਲਾਂ ਕਰਨਾ ਤੈਨੂੰ ਬੇਚੈਨ ਕਰ ਰਿਹਾ ਜਾਂ ਦੁਨਿਆਂ ਦਾ ਤੈਨੂੰ ਪਾਗਲ ਸਮਝਣ ਦਾ ਡਰ ਤੈਨੂੰ ਬੇਚੈਨ ਕਰ ਰਿਹਾ? " ਕੁੜੀ ਨੇ ਸਵਾਲ ਕੀਤਾ |

"ਮੈਨੂੰ ਖੁਦ ਨੂੰ ਵੀ ਲੱਗ ਰਿਹਾ ਕਿ ਮੈਂ ਪਾਗਲ ਹੋ ਜਾਵਾਂਗਾ " ਪ੍ਰੀਤ ਨੇ ਜਵਾਬ ਦਿੱਤਾ |

" ਨਹੀਂ , ਤੂੰ ਪਾਗਲ ਨਹੀਂ ਹੋਵੇਂਗਾ , ਹਲੇ ਤੂੰ ਹੋਰ ਬਹੁਤ ਕੁਝ ਝੱਲਣਾ ਏ " ਕੁੜੀ ਇਹ ਕਹਿ ਕੇ ਗਾਇਬ ਹੋ ਗਈ |

ਪ੍ਰੀਤ ਨੂੰ ਇਸ ਗੱਲ ਨੇ ਸੋਚਾਂ ਵਿਚ ਪਾ ਦਿੱਤਾ ,ਉਹ ਇਸ ਬਾਬਤ ਸੋਚ ਹੀ ਰਿਹਾ ਸੀ ਕਿ ਉਸਨੂੰ ਹਰਜੀਤ ਤੇ ਲੱਕੀ ਦੇ ਆਉਣ ਦੀ ਆਵਾਜ਼ ਸੁਣੀ| ਉਹ ਠੀਕ ਹੋ ਕੇ ਮੰਜੇ ਤੇ ਬੈਠ ਗਿਆ ਤਾਂ ਜੋ ਉਹਨਾਂ ਨੂੰ ਪ੍ਰੀਤ ਦੇ ਰੋਣ ਦਾ ਪਤਾ ਨਾ ਲੱਗੇ |

ਹਰਜੀਤ ਤੇ ਲੱਕੀ ਚੁਬਾਰੇ ਵਿੱਚ ਆ ਗਏ ਸਨ |

ਹਰਜੀਤ :- ਹੋਰ ਵੀ ਮਰੀਜ਼ਾ ਕਿਵੇਂ ਆਂ ?

ਲੱਕੀ :- ਮਰੀਜ਼ ?

ਹਰਜੀਤ :- ਮਰੀਜ਼ ਹੀ ਆ ਇਹ , ਦਿਨੋ-ਦਿਨ ਸੁੱਕਦਾ ਜਾ ਰਿਹਾ |

ਲੱਕੀ :- ਗੱਲ ਤਾਂ ਸਹੀ ਆ ਯਰ ,ਜਿਸ ਹਿਸਾਬ ਨਾਲ ਇਹ ਸੁੱਕਦਾ ਜਾ ਰਿਹਾ ,ਮੈਨੂੰ ਲਗਦਾ ਕੁੱਝ ਦਿਨਾਂ ਤੱਕ ਇਹਦੇ ਅਤੇ ਨਰਮੇ ਦੀ ਸੁੱਕੀ ਛਟੀ ਵਿੱਚ ਫਰਕ ਨਹੀਂ ਰਹਿਣਾ |

ਹਰਜੀਤ (ਹੱਸਦੇ ਹੋਏ ):- ਆਹੋ ,ਜੇ ਇਹ ਨਿਬੜ ਗਿਆ ਮਚਾਉਣ ਤੇ ਜਿਆਦਾ ਬਾਲਣ ਵੀ ਨਹੀਂ ਲੱਗਣਾ , ਛਟੀ ਵਰਗਾ ਊਈਂ ਮੱਚ ਜੂ |

ਪ੍ਰੀਤ :- ਅੱਛਾ , ਮੇਰੀ ਗੱਲ ਛੱਡੋ ਤੁਸੀਂ ਦੱਸੋ ਕਿਵੇਂ ਆਉਣਾ ਹੋਇਆ |

ਲੱਕੀ :- ਕੁੱਝ ਨਹੀਂ ,ਵੈਸੇ ਹੀ ਆਏ ਸੀ |

ਪ੍ਰੀਤ :- ਮੈਨੂੰ ਸੁੱਕਿਆ ਕਹਿ ਰਿਹੈਂ ,ਆਪ ਬੜਾ ਰਾਜ਼ੀ ਏਂ ਤੂੰ ?

ਹਰਜੀਤ (ਹਸਦੇ ਹੋਏ ):- ਇਹਦੀ ਤਾਂ ਪੁੱਛ ਨਾ , ਆਪ ਨੀਂ ਇਹਦੀਆਂ ਅੱਖਾਂ ਵੀ ਕਮਜ਼ੋਰ ਹੁੰਦੀਆਂ ਜਾਂਦੀਆਂ |

ਲੱਕੀ :- ਕਿਓਂ ਬਾਈ ਯਰ ਬੇਜਤੀ ਕਰਦਾਂ , ਮੇਰੀ ਗਲਤੀ ਥੋੜ੍ਹੀ ਸੀ |

ਹਰਜੀਤ (ਜ਼ੋਰ- ਜ਼ੋਰ ਦੀ ਹਸਦੇ ਹੋਏ ) :- ਅੱਛਾ |

ਪ੍ਰੀਤ :- ਹੁਣ ਕੀ ਕਰਤਾ ਇਸਨੇ ?

ਹਰਜੀਤ :- ਮੈਂ ਦੱਸਦਾਂ ਬਾਈ |

ਲੱਕੀ :- ਛੱਡ ਯਰ

ਹਰਜੀਤ :- ਦੱਸ ਲੈਣ ਦੇ |

ਲੱਕੀ :_ ਠੀਕ ਆ ਭਾਈ , ਦੱਸ ਦੇ ਜੇ ਨਹੀਂ ਠੰਢ ਪੈਂਦੀ ਤੇਰੇ ਕਲੇਜੇ ਚ'|

ਹਰਜੀਤ :-ਪਰਸੋਂ ਰਾਤ ਨੂੰ ਅਸੀਂ ਦੋਵੇਂ ਬਾਹਰੋਂ ਪਿੰਡ ਨੂੰ ਆ ਰਹੇ ਸੀ ਤੇ ਗੱਡੀ ਮਹਾਰਾਜ ਚਲਾ ਰਹੇ ਸਨ , ਮੇਰਾ ਧਿਆਨ ਤਾਂ ਮੋਬਾਈਲ ਵਿੱਚ ਸੀ ਇਹ ਪਤੰਦਰ ਗੱਡੀ ਨੂੰ ਗੇੜੇ ਖਵਾਈ ਜਾਵੇ , ਆਪਣੇ ਨਾਲ ਦੇ ਪਿੰਡ ਉਪਰੋਂ ਇਹਨੇ ਦੋ ਗੇੜੇ ਲਾ ਦਿੱਤੇ | ਮੈਂ ਪੁੱਛਿਆ ਤਾਂ ਕਹਿੰਦਾ :-

" ਵੀਹ ਸਾਲ ਹੋਗੇ ਇਥੇ ਰਹਿੰਦੀਆਂ ਨੂੰ ਮੈਨੂੰ ਆਪਣੇ ਨਾਲ ਲਗਦੇ ਇਸ ਪਿੰਡ ਦਾ ਹੀ ਨੀ ਪਤਾ ਸੀ ਵੀ ਇਹ ਪਿੰਡ ਵੀ ਹੈਗਾ ਆਪਣੇ ਪਿੰਡ ਕੋਲ ?"

ਮੈਂ ਪੁੱਛਿਆ ਕਿਹੜਾ ਪਿੰਡ ?

ਕਹਿੰਦਾ "ਕਸਾਲੂ" ?

ਪ੍ਰੀਤ :- ਹੈਂ ? ਇਹ ਕਿਹੜਾ ਪਿੰਡ ਆਪਣੇ ਪਿੰਡ ਨਾਲ ਆ ਗਿਆ ਕਦੇ ਸੁਣਿਆ ਤਾਂ ਹੈਨੀ

ਹਰਜੀਤ :- ਹੋਊਗਾ ,ਫੇਰ ਹੀ ਸੁਣਿਆ ਹੋਊ |

ਪ੍ਰੀਤ :- ਕੀ ?

ਹਰਜੀਤ :- ਇਹ ਅੰਨ੍ਹੇ ਨੇ ਪਿੰਡ ਦਾ ਬੋਰਡ ਗ਼ਲਤ ਪੜ੍ਹ ਲਿਆ ਸੀ , ਕਮਾਲੂ ਪਿੰਡ ਸੀ | ਕਸਾਲੂ ਪੜ੍ਹੀ ਜਾਂਦਾ |

ਪ੍ਰੀਤ (ਹੱਸਦੇ ਹੋਏ ):- ਅੱਛਾ |

ਹਰਜੀਤ :- ਮੈਨੂੰ ਕਹਿੰਦਾ ਬਾਈ , ਆਪਾਂ ਤਾਂ ਗਵਾਚ ਗੇ , ਹੋਰ ਹੀ ਪਾਸੇ ਨਿੱਕਲ ਆਏ ਆਪਾਂ ਤਾਂ | ਉੱਤੋਂ ਗੇੜੇ ਖਾਂਦੇ ਨੇ ਤੇਲ ਫੂਕਿਆ ਵੱਖ ਆ |

ਪ੍ਰੀਤ :- ਸਾਲਿਆ , ਬੋਰਡ ਨਹੀਂ ਚੱਜ ਨਾਲ ਪੜ੍ਹਿਆ ਗਿਆ , ਘਟੋ-ਘੱਟ ਪਿੰਡ ਦੇਖ ਕੇ ਤਾਂ ਪਛਾਣ ਲੈਂਦਾ |

ਲੱਕੀ :- ਬਸ ਯਰ ਨਹੀਂ ਪਤਾ ਲੱਗਿਆ |

ਤਿੰਨਾਂ ਵਿੱਚ ਇੱਕ ਜ਼ੋਰ ਦਾ ਹਾਸਾ ਉੱਠਿਆ |

ਇੰਨੇ ਵਿੱਚ ਹੀ ਹਰਜੀਤ ਦਾ ਫੋਨ ਵੱਜਿਆ , ਉਹ ਸਾਇਡ ਤੇ ਹੋਕੇ ਫੋਨ ਸੁਣਨ ਲੱਗਾ ਅਤੇ ਜਿਵੇਂ ਹੀ ਉਸਨੇ ਫੋਨ ਤੋਂ ਖ਼ਬਰ ਸੁਣੀ ਇੱਕ ਦਮ ਘਬਰਾ ਗਿਆ ਅਤੇ ਜਲਦੀ ਜਲਦੀ ਪ੍ਰੀਤ ਨੂੰ ਨਾਲ ਲੈ ਬਾਹਰ ਨੂੰ ਭੱਜਿਆ |

ਪ੍ਰੀਤ ਉਸਨੂੰ ਬਾਰ-ਬਾਰ ਪੁੱਛ ਰਿਹਾ ਸੀ ਕਿ ਕੀ ਹੋ ਗਿਆ ਪਰ ਉਸਨੇ ਉਸਦੀ ਗੱਲ ਦਾ ਕੋਈ ਜਵਾਬ ਨਾ ਦਿਤਾ ਅਤੇ ਉਸਨੂੰ ਮੋਟਰਸਾਈਕਲ ਤੇ ਬਿਠਾ ਕੇ ਲੈ ਗਿਆ |

10 ਮਿੰਟ ਵਿੱਚ ਹੀ ਉਹ ਇੱਕ ਘਰ ਦੇ ਪਿਛਲੇ ਪਾਸੇ ਪਹੁੰਚੇ , ਉਸ ਘਰ ਦੇ ਪਿਛਲੇ ਪਾਸਿਓਂ ਇੱਕ ਕੁੜੀ ਨੇ ਬੂਹਾ ਖੋਲਿਆ, ਇਹ ਕੁੜੀ ਅੰਜਲੀ ਸੀ ,ਡਿੰਪਲ ਦੀ ਛੋਟੀ ਭੈਣ | ਉਸਨੇ ਤੁਰੰਤ ਹੀ ਦੋਵਾਂ ਨੂੰ ਅੰਦਰ ਵਾੜ ਕੇ ਬੂਹਾ ਬੰਦ ਕਰ ਦਿੱਤਾ | ਡਿੰਪਲ ਦੇ ਘਰ ਦਿਆਂ ਨੇ ਅੱਜ ਡਿੰਪਲ ਦਾ ਵਿਆਹ ਰੱਖਿਆ ਸੀ ਅਤੇ ਪੈਸਿਆਂ ਦੀ ਕਮੀ ਕਰਕੇ ਉਹਨਾਂ ਉਸਦਾ ਸਾਦਾ ਵਿਆਹ ਕਰਨਾ ਸੀ ਅਤੇ ਅੰਜਲੀ ਨਹੀਂ ਚਾਹੁੰਦੀ ਸੀ ਕਿ ਡਿੰਪਲ ਦਾ ਉਸ ਨਾਲ ਵਿਆਹ ਹੋਵੇ |

ਜਦੋਂ ਹੀ ਪ੍ਰੀਤ ਡਿੰਪਲ ਦੇ ਕਮਰੇ ਵਿੱਚ ਪਹੁੰਚਿਆ ਤਾਂ ਉਹ ਬੈੱਡ ਦੇ ਇੱਕ ਖੂੰਝੇ ਵਿੱਚ ਉਦਾਸ ਬੈਠੀ ਸੀ ਜਿਵੇਂ ਇੱਕ ਸਾਹਾਂ ਵਾਲੀ ਲਾਸ਼ ਬੈਠੀ ਹੁੰਦੀ ਹੈ , ਪ੍ਰੀਤ ਨੂੰ ਦੇਖ ਉਸਨੇ ਉਸਨੂੰ ਘੁੱਟ ਕੇ ਜੱਫੀ ਪਾ ਲਈ , ਦੋ ਤੜਪਦੀਆਂ ਰੂਹਾਂ ਦਾ ਮਿਲਣ ਅੱਜ ਹੋਇਆ ਸੀ | ਪ੍ਰੀਤ ਨੇ ਡਿੰਪਲ ਨੂੰ ਆਪਣੇ ਨਾਲ ਚੱਲਣ ਲਈ ਕਿਹਾ ਪਰ ਡਿੰਪਲ ਨੇ ਮਨਾ ਕਰ ਦਿੱਤਾ , ਉਸਨੂੰ ਇਹ ਫਿਕਰ ਸੀ ਕਿ ਉਸਦੇ ਇਸ ਕਦਮ ਨਾਲ ਉਸਦਾ ਭਰਾ ਆਪਣਾ ਆਪ ਖਤਮ ਕਰ ਲਵੇਗਾ ਅਤੇ ਉਸਤੋਂ ਬਾਅਦ ਓਹਦੀ ਛੋਟੀ ਭੈਣ ਅਤੇ ਮਾਂ ਰੁੱਲ ਜਾਣਗੇ | ਪ੍ਰੀਤ ,ਹਰਜੀਤ ਅਤੇ ਅੰਜਲੀ ਦੇ ਲੱਖ ਮਿਨਤਾਂ ਕਰਨ ਦੇ ਬਾਵਜੂਦ ਵੀ ਡਿੰਪਲ ਆਵਦੇ ਫੈਸਲੇ ਤੇ ਟਿੱਕੀ ਰਹੀ |

ਡਿੰਪਲ (ਰੋਂਦੇ ਹੋਏ ) :- ਪ੍ਰੀਤ ਪਲੀਜ਼ ਜ਼ਿੱਦ ਨਾ ਕਰ ਮੇਰੇ ਪਰਿਵਾਰ ਦਾ ਸਵਾਲ ਆ , ਮੈਂ ਤੈਨੂੰ ਹਮੇਸ਼ਾ ਆਪਣੇ ਦਿਲ ਵਿੱਚ ਰਾਖੂੰਗੀ ਪਰ ਪਰਿਵਾਰ ਵਾਰ ਕੇ ਤੇਰੀ ਨੀ ਹੋ ਸਕਦੀ |

ਪ੍ਰੀਤ :- ਪਰ ਆਪਾਂ ਇਕ ਹੋ ਸਕਦੇ ਹਾਂ ਯਰ , ਆਪਣੇ ਸਾਰੇ ਸੁਫ਼ਨੇ ਜੋ ਆਪਾਂ ਇਕੱਠਿਆਂ ਸਜਾਏ ਸੀ ,ਪੂਰੇ ਹੋ ਜਾਣਗੇ | ਆਪਣੀ ਅਗਮ ਹੋਵੇਗੀ ਆਪਣੀ ਧੀ | ਤੇਰੇ ਇੱਕ ਕਦਮ ਨਾਲ ਆਪਣੇ ਦੋਵਾਂ ਦੀ ਜ਼ਿੰਦਗੀ ਸਵਰ ਜਾਊਗੀ |

ਡਿੰਪਲ :- ਪਰ ਮੇਰਾ ਪਰਿਵਾਰ ਤਬਾਹ ਹੋ ਜਾਊਗਾ ,

ਡਿੰਪਲ :- ਅੱਧਾ ਸੁਫਨਾ ਮੈਂ ਪੂਰਾ ਕਰ ਦੇਵਾਂਗੀ ,ਮੈਂ ਮੇਰੀ ਧੀ ਦਾ ਨਾਮ ਅਗਮਪ੍ਰੀਤ ਰਾਖੂੰਗੀ |

ਪ੍ਰੀਤ :- ਪਰ ਡਿੰਪਲ ਆਪਣੀ ਧੀ, ਆਪਣਾ ਸਾਥ ਨਹੀਂ ਹੋਣਾ ਉਹ |

ਹਰਜੀਤ :- ਪ੍ਰੀਤ , ਧੀ ਵੀ ਤੇਰੀ ਹੀ ਹੋਵੇਗੀ ਹੁਣ , ਡਿੰਪਲ ਦਾ ਮੂੰਹ ਬੰਦ ਕਰ ਤੇ ਧੱਕੇ ਨਾਲ ਲੈ ਚਲ ਇਸਨੂੰ |

ਡਿੰਪਲ :- ਖ਼ਬਰਦਾਰ!,ਪ੍ਰੀਤ ਇਹ ਆਪਣੀ ਮੁਹੱਬਤ ਦੀ ਤੋਹੀਨ ਹੋਵੇਗੀ |

ਹਰਜੀਤ :- ਫੇਰ ਧੀ ਤਾਂ ਪ੍ਰੀਤ ਦੀ ਹੀ ਹੋਊਗੀ |

ਅੰਜਲੀ :- ਕਿਵੇਂ ?

ਹਰਜੀਤ :- ਸਬੰਧ |

ਪ੍ਰੀਤ :- ਹਰਜੀਤ , ਪਾਗਲ ਏਂ ਤੂੰ , ਇਹ ਠੀਕ ਨਹੀਂ ਏ |

ਹਰਜੀਤ :- ਕੀ ਗ਼ਲਤ ਏ ਇਸ ਵਿੱਚ , ਕਿਸੇ ਨੂੰ ਕੀ ਪਤਾ ਲਗਦਾ ? ਘਟੋ-ਘੱਟ ਤੁਹਾਡੇ ਦੋਵਾਂ ਦੀ ਇੱਕ ਨਿਸ਼ਾਨੀ ਤਾਂ ਹੋਊਗੀ |

ਪ੍ਰੀਤ :- ਨਹੀਂ ਯਰ , ਇਹ ਗਲਤ ਆ |

ਅੰਜਲੀ :- ਕੀ ਗਲਤ ਏ ਇਸ ਵਿੱਚ ?

ਪ੍ਰੀਤ :- ਅੰਜੂ ?

ਅੰਜਲੀ :- ਕੀ ਅੰਜੂ ?

ਡਿੰਪਲ :- ਠੀਕ ਏ , ਮੈਂ ਤਿਆਰ ਹਾਂ |

ਪ੍ਰੀਤ :- ਡਿੰਪੀ ?

ਡਿੰਪਲ :- ਹਾਂ |

ਅੰਜਲੀ ਅਤੇ ਹਰਜੀਤ ਦੋਵੇਂ ਉਹਨਾਂ ਨੂੰ ਛੱਡ ਕੇ ਬਾਹਰ ਆ ਜਾਂਦੇ ਹਨ | ਕੁੱਝ ਸਮੇਂ ਬਾਅਦ ਦਰਵਾਜ਼ਾ ਖੁਲਦਾ ਹੈ | ਪ੍ਰੀਤ ਤੇ ਡਿੰਪਲ ਆਖਰੀ ਵਾਰ ਇੱਕ ਦੂਜੇ ਦੇ ਗੱਲ ਲਗਦੇ ਹਨ | ਅੰਜਲੀ ਪ੍ਰੀਤ ਤੇ ਹਰਜੀਤ ਨੂੰ ਬਾਹਰ ਛੱਡ ਆਉਂਦੀ ਹੈ |

ਪ੍ਰੀਤ ਦੇ ਪੈਰ ਔਖੇ-ਔਖੇ ਅੱਗੇ ਵਧ ਰਹੇ ਸਨ ,ਹਰਜੀਤ ਉਸਨੂੰ ਬੜੀ ਮੁਸ਼ਕਿਲ ਨਾਲ ਆਪਣੇ ਖੇਤ ਵਾਲੇ ਕਮਰੇ ਵਿੱਚ ਲੈ ਕੇ ਗਿਆ | ਉਹਨਾਂ ਰਾਤ ਓਥੇ ਹੀ ਕੱਟੀ |

ਡਿੰਪਲ ਦਾ ਵੀ ਵਿਆਹ ਹੋ ਗਿਆ ਸੀ |

ਇਸ ਤੋਂ ਬਾਅਦ ਦਾ ਸਮਾਂ ਪ੍ਰੀਤ ਲਈ ਹੋਰ ਜ਼ਿਆਦਾ ਔਖਾ ਹੋ ਗਿਆ ਸੀ , ਉਹ ਸਾਰਾ ਦਿਨ ਚੁੱਪ-ਚੁੱਪ ਰਹਿੰਦਾ ,ਹਰਜੀਤ ਅਤੇ ਲੱਕੀ ਦੇ ਕਿੱਸੇ ਵੀ ਹੁਣ ਉਸਨੂੰ ਖੁਸ਼ ਨਾ ਕਰਦੇ | ਉਹ ਇੱਕ ਬੁੱਤ ਬਣ ਗਿਆ ਸੀ ਅਜਿਹਾ ਬੁੱਤ ਜੋ ਸਾਹ ਲੈ ਸਕਦਾ ਸੀ ਰੋਟੀ- ਪਾਣੀ ਖਾ ਸਕਦਾ ਸੀ |

“

ਦੌਰ ਏ ਸਾਹ ਨਿੱਤ ਜਾਰੀ ਹੈ

ਕਦੋ ਕਹੂਗਾ ਕੋਈ

ਪ੍ਰੀਤ ਹੁਣ ਤੇਰੀ ਵਾਰੀ ਏ

,

ਲੱਖਾਂ ਲੋਕੀ ਹਾਰੇ

ਖੇਲ ਏ ਇਸ਼ਕ ਵਿੱਚ

ਮੈਂ ਜਿੱਤਿਆ ਜਾਂ ਬਾਜ਼ੀ ਹਾਰੀ ਏ

ਪ੍ਰੀਤ ਹੁਣ ਤੇਰੀ ਵਾਰੀ ਏ

ਰੋਡੇ ਵਾਂਗਰ ਬਾਲ ਲਵਾਂ ਧੂਣਾ

ਓਹਦੇ ਘਰ ਸਾਵੇਂ

ਤੂੰ ਜਲਾਲੀ ਦੌੜ ਆ ਬਾਹਰ

ਕਿੱਡੀ ਕੁ ਵੱਡੀ ਘਰ ਦੀ

ਚਾਰ ਦੀਵਾਰੀ ਏ ,

ਪ੍ਰੀਤ ਹੁਣ ਤੇਰੀ ਵਾਰੀ ਏ,

ਮਿਜ਼ਾਜ਼ ਏ ਮੌਸਮ

ਬਦਲਦੇ ਨੇ ਰਹਿੰਦੇ

ਹਰ ਮੌਸਮ ਹੀ ਦਿਲ

ਕੀਰਨੇ ਨੇ ਪੈਂਦੇ

ਹਕੀਮ ਥੱਕ ਗਿਆ ਦਵਾਈ ਕਰ ਕਰ ਕੇ

ਕਹਿੰਦਾ ਭਾਰੀ ਬਿਮਾਰੀ ਏ

ਪ੍ਰੀਤ ਹੁਣ ਤੇਰੀ ਵਾਰੀ ਏ,

ਰੁੱਲ ਜਾਣੇ ਨੇ ਮਣਕੇ

ਬੇ ਕਦਰਿਆਂ ਦੇ ਹੱਥੀਂ ਜਾ ਕੇ

ਕਿੱਸਾ ਡਿੰਪਲ-ਮਨਪ੍ਰੀਤ ਵਾਲਾ

ਪੜ੍ਹਨਾ ਵੱਖ ਖੁਮਾਰੀ ਏ

ਪ੍ਰੀਤ ਹੁਣ ਤੇਰੀ ਵਾਰੀ ਏ,

"

"ਵਾਹ ਸੱਜਣਾ ! ਲੇਖਕ ਬਣਨ ਲੱਗਾਂ ?" ਉਹ ਕੁੜੀ ਪ੍ਰੀਤ ਦੇ ਡਾਇਰੀ ਤੇ ਲਿਖਦੇ ਦੇ ਕੋਲ ਆ ਖੜ੍ਹੀ |

" ਲੇਖਕ ਕਾਹਦੇ ਹਾਂ ਅਸੀਂ , ਇੰਙ ਸਮਝ ਲੈ ਹੱਡ ਤੋੜ ਕੇ ਸਿਆਹੀ ਥਾਵੇਂ ਲਹੂ ਭਰਕੇ ਵਾਹ ਰਹੇ ਹਾਂ " ਪ੍ਰੀਤ ਨੇ ਪੈੱਨ ਰੱਖਦਿਆਂ ਕਿਹਾ |

"ਹਿਜਰ ਵਿੱਚ ਅੱਖਰ ਵਾਹੁਣਾ ਵੀ ਕਲਾ ਹੀ ਏ " ਕੁੜੀ ਬੋਲੀ |

" ਤੇਰੇ ਵਿਛੋੜੇ ਵਰਕਿਆਂ ਤੇ ਵਾਹੁਣ ਦੀ ਕੋਸ਼ਿਸ਼ ਏ " ਪ੍ਰੀਤ ਨੇ ਕਿਹਾ |

" ਜੋ ਤੇਰੇ ਕੋਲ ਹੈ ਓਹਦਾ ਕੀ ਵਿਛੋੜਾ ?" ਕੁੜੀ ਬੋਲੀ |

" ਅਸਲੀਅਤ ਅਤੇ ਭੁਲੇਖੇ ਵਿੱਚ ਫਰਕ ਹੁੰਦਾ "ਪ੍ਰੀਤ ਨੇ ਸੱਚੀ ਗੱਲ ਕਹਿ ਦਿੱਤੀ |

" ਤੇਰਾ ਭੁਲੇਖਾ ਤੇਰੀ ਅਸਲੀਅਤ ਤੋਂ ਬਹੁਤ ਜ਼ਿਆਦਾ ਕਰੀਬ ਏ " ਕੁੜੀ ਨੇ ਸਫਾਈ ਦਿੰਦੇ ਹੋਏ ਕਿਹਾ |

" ਪਰ ਭੁਲੇਖਾ ਮੈਨੂੰ ਪਾਗਲ ਕਰ ਰਿਹਾ " ਪ੍ਰੀਤ ਨੇ ਕਿਹਾ |

" ਇਸ਼ਕ ਪਾਗਲਪਨ ਹੀ ਤੇ ਹੁੰਦਾ ਹੈ " ਕੁੜੀ |

" ਇਸ਼ਕ ਜੇ ਆਪਣਾ ਹੀ ਨਾ ਹੋਵੇ "

" ਤੇਰਾ ਇਸ਼ਕ ਤੇਰੇ ਕੋਲ ਹੀ ਏ , ਬਸ ਉਹ ਅਸਲ ਕਾਇਆ ਨਹੀਂ ਲੈ ਸਕਦਾ " ਕੁੜੀ ਨੇ ਗੰਭੀਰ ਹੁੰਦੇ ਹੋਏ ਕਿਹਾ |

"ਅਸਲ ਕਾਇਆ ਵੀ ਕੋਲ ਆ ਕੇ ਚਲੀ ਗਈ ਏ " ਪ੍ਰੀਤ ਨੇ ਉਦਾਸੀ ਭਰੇ ਲਹਿਜੇ ਵਿੱਚ ਕਿਹਾ |

" ਅਸਲ ਕਾਇਆ ਵੱਲੋ ਇੱਕ ਖੁਸ਼ਖਬਰੀ ਆਉਣ ਵਾਲੀ ਏ , ਤਿਆਰ ਰਹਿ " ਕੁੜੀ ਇੰਨਾ ਕਹਿ ਕੇ ਗਾਇਬ ਹੋ ਜਾਂਦੀ ਹੈ |

ਪ੍ਰੀਤ ਫਿਰ ਸੋਚਾਂ ਵਿੱਚ ਪੈ ਗਿਆ ਕਿ ਇਹ ਕਿਸ ਖੁਸ਼ੀ ਦੀ ਗੱਲ ਕਰ ਗਈ |

ਕੁੱਝ ਸਮੇਂ ਬਾਅਦ ਹਰਜੀਤ ਭੱਜਿਆ-ਭੱਜਿਆ ਉਸ ਕੋਲ ਆਉਂਦਾ ਹੈ ਅਤੇ ਆਉਣ ਸਾਰ ਪ੍ਰੀਤ ਨੂੰ ਗਲ ਲਾ ਲੈਂਦਾ ਹੈ | ਪ੍ਰੀਤ ਹੈਰਾਨ ਸੀ ਕਿ ਉਸਨੂੰ ਕਿਸ ਗੱਲ ਦੀ ਖੁਸ਼ੀ ਚੜ੍ਹੀ ਹੋਈ ਏ |

ਪ੍ਰੀਤ:- ਕੀ ਹੋਇਆ ਇੰਨਾ ਚਾਅ ?

ਹਰਜੀਤ :- ਡਿੰਪਲ ਪ੍ਰੇਗਨੈਂਟ ਹੈ |

ਪ੍ਰੀਤ ਚੁੱਪ ਭਰੀ ਖੁਸ਼ੀ ਵਿੱਚ ਖੜ੍ਹਾ ਸੀ |

ਹਰਜੀਤ :- ਮੁਬਾਰਕਾਂ , ਜੱਟਾ ਕੁੱਝ ਤਾਂ ਚੰਗਾ ਹੋਇਆ |

ਪ੍ਰੀਤ :- ਤੈਨੂੰ ਕਿਵੇਂ ਪਤਾ ਲੱਗਿਆ ?

ਹਰਜੀਤ :- ਅੰਜਲੀ ਨੇ ਫੋਨ ਕੀਤਾ ਸੀ |

ਪ੍ਰੀਤ :- ਵਾਹ |

ਹਰਜੀਤ :- ਵਾਹ ,ਕੀ ਵਾਹ ?

ਹਰਜੀਤ :- ਆਜਾ ਪਾਰਟੀ ਕਰੀਏ

ਪ੍ਰੀਤ :- ਪਾਰਟੀ ਕਿਓਂ ?

ਹਰਜੀਤ :- ਤੇਰੀ ਮੁਹੱਬਤ ਨਵਾਂ ਰੂਪ ਲੈ ਧਰਤੀ ਤੇ ਆ ਰਹੀ ਏ |

ਪ੍ਰੀਤ :- ਮੇਰੀ ਮੁਹੱਬਤ ?

ਹਾਰਜੀਤ :- ਫਿਕਰ ਨਾ ਕਰ ਅੰਜਲੀ ਤੋਂ ਸਭ ਪਤਾ ਕੀਤਾ ਮੈਂ , ਤੇਰੀ ਹੀ ਹੈ ਉਹ ਨਿੱਕੀ ਜਾਨ ਆਉਣ ਵਾਲੀ |

ਪ੍ਰੀਤ :- ਉਹ ਗੱਲ ਨਹੀਂ ਯਰ , ਕਿੱਥੇ ਸਾਡੇ ਦੋਵਾਂ ਦਾ ਸਾਥ ਹੁੰਦਾ ਤੇ ਕਿੱਥੇ ਹੁਣ ?

ਹਰਜੀਤ :- ਹਾਂ ਇਹ ਤਾਂ ਠੀਕ ਏ , ਪਰ ਚਲੋ ਜਿਵੇਂ ਰੱਬ ਰਾਜ਼ੀ |

ਪ੍ਰੀਤ :- ਹਾ ਹਾ ਹਾ , ਰੱਬ ਰਾਜ਼ੀ ,ਰੱਬ ਇਹੋ ਜਿਹੇ ਦੁੱਖ ਦੇਣ ਚ' ਹੀ ਤਾਂ ਰਾਜ਼ੀ ਹੈ |

ਹਰਜੀਤ :- ਨਾ ਯਰ , ਇੰਝ ਨਹੀਂ ਕਹੀਦਾ ਹੁੰਦਾ |

ਪ੍ਰੀਤ :- ਠੀਕ ਹੈ ਨਹੀਂ ਕਹਿੰਦਾ |

ਹਰਜੀਤ :- ਚਲ ਹੁਣ ਚੱਲੀਏ ?

ਪ੍ਰੀਤ :- ਚੱਲ |

ਉਹ ਦੋਵੇਂ ਚਲੇ ਜਾਂਦੇ ਹਨ |

ਇਧਰ ਬੀਣਾ ਆਪਣੇ ਘਰ ਵਿਚ ਆਪਣੇ ਬਿਸਤਰੇ ਵਿੱਚ ਪਈ ਸੀ ਅਤੇ ਉਸਦੇ ਨਾਲ ਹੀ ਲੱਕੀ ਪਿਆ ਸੀ | ਲੱਕੀ ਨੇ ਬੀਣਾ ਦੀ ਕਹਾਣੀ ਜਾਨਣ ਤੋਂ ਬਾਅਦ ਉਸਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਸੀ | ਉਹ ਹਰ ਹਫਤੇ ਉਸਦਾ ਨਜ਼ਾਇਜ ਫਾਇਦਾ ਚੁੱਕਦਾ ਸੀ ਅਤੇ ਉਹ ਵੀ ਜੇਲ ਜਾਣ ਦੇ ਡਰੋਂ ਉਸਦੀਆਂ ਸਭ ਗੱਲਾਂ ਮੰਨਦੀ ਸੀ , ਪ੍ਰੀਤ ਉਸਨੂੰ ਜਿਸ ਦਲਦਲ ਵਿਚੋਂ ਕੱਢ ਕੇ ਲਿਆਇਆ ਸੀ ਲੱਕੀ ਨੇ ਵਾਪਿਸ ਉਸਨੂੰ ਉਸੇ ਦਲਦਲ ਵਿੱਚ ਖਿੱਚ ਲਿਆ ਸੀ |

ਬੀਣਾ :- ਮੁਝੇ ਛੋੜ ਦੋ ਸਾਬ , ਕਿਊਂ ਮੇਰੀ ਜ਼ਿੰਦਗੀ ਕੇ ਸਾਥ ਖੇਲ ਰਹੇ ਹੋ

ਲੱਕੀ :- ਚੁੱਪ ਕਰ , ਕਿਹੜੀ ਜ਼ਿੰਦਗੀ , ਜੋ ਕੰਮ ਇੰਨਿਆ ਲੋਕਾਂ ਨਾਲ ਕੀਤਾ ਓਹੀਓ ਕਰ ਰਹੀਂ ਏਂ |

ਬੀਣਾ :- ਸਾਬ , ਵੋ ਮੇਰੀ ਮਜਬੂਰੀ ਥੀ ਲੇਕਿਨ ਅਭ ਤੋ ਠੀਕ ਹੋ ਗਈ ਥੀ |

ਲੱਕੀ :- ਨਹੀਂ , ਮੈਂ ਨੀ ਛੱਡਦਾ ਤੈਨੂੰ |

ਬੀਣਾ :- ਸਾਬ , ਕਿਤਨੀ ਬਾਰ ਤੋ ਕਰ ਚੁਕੇ ਹੋ , ਜੋ ਚਾਹੀਏ ਥਾਂ ਵੋ ਤੋ ਮਿਲ ਹੀ ਗਿਆ ਆਪਕੋ , ਅਭ ਮੁਝ ਪਰ ਰਹਿਮ ਕਰ ਦੋ |

ਲੱਕੀ :- ਚੁੱਪ ਕਰਜਾ , ਵੱਡੀ ਆਈ ਛੱਡਣ ਵਾਲੀ , ਕਰਾਂ ਠਾਣੇ ਫੋਨ ?

ਬੀਣਾ (ਡਰ ਨਾਲ ਕੰਬਦੇ ਹੋਏ ):- ਨਹੀਂ ਸਾਬ , ਮਾਫ ਕਰਦੋ ਅੱਗੇ ਸੇ ਨਹੀਂ ਕਹੂੰਗੀ |

ਲੱਕੀ ਉੱਠ ਕੇ ਕੱਪੜੇ ਪਾਉਂਦਾ ਹੈ ਅਤੇ ਬੀਣਾ ਦੇ ਪਰਸ ਵਿੱਚੋਂ ਪੈਸੇ ਕੱਢ ਕੇ ਲੈ ਜਾਂਦਾ ਹੈ ਪਰ ਬੀਣਾ ਉਸਨੂੰ ਕੁੱਝ ਨਹੀਂ ਕਹਿੰਦੀ | ਬੀਣਾ ਵੀ ਉੱਠ ਕੱਪੜੇ ਪਾਉਂਦੀ ਹੈ ਅਤੇ ਆਪਣੇ ਸਿਲਾਈ ਸੈਂਟਰ ਵਾਲੇ ਕੰਮ ਤੇ ਚਲੀ ਜਾਂਦੀ ਹੈ|

ਪ੍ਰੀਤ ਨੇ ਉਸਨੂੰ ਆਪਣੇ ਘਰੋਂ ਹਟਾ ਕੇ ਉਸਨੂੰ ਫਿਰ ਤੋਂ ਘਟੀਆ ਜ਼ਿੰਦਗੀ ਦੇ ਦਿੱਤੀ ਸੀ , ਜਿਸਦਾ ਪ੍ਰੀਤ ਨੂੰ ਅੰਦਾਜ਼ਾ ਵੀ ਨਹੀਂ ਸੀ |

ਇਸੇ ਤਰਾਂ ਹੀ ਕੁੱਝ ਮਹੀਨੇ ਹੋਰ ਬੀਤ ਗਏ ਅਤੇ ਜ਼ਿੰਦਗੀ ਦੀ ਗੱਡੀ ਹੌਲੀ ਹੌਲੀ ਰੁੜਣ ਲੱਗ ਗਈ ਪ੍ਰੀਤ ਵੀ ਹੁਣ ਥੋੜ੍ਹਾ ਠੀਕ ਰਹਿਣ ਲੱਗਾ ਸੀ , ਅੰਜਲੀ ਤੇ ਹਰਜੀਤ

ਦੀ ਦੋਸਤੀ ਵੀ ਹੁਣ ਵਧ ਗਈ ਸੀ ਅਤੇ ਉਹਨਾਂ ਦੇ ਦਿਲਾਂ ਵਿੱਚ ਮੁਹੱਬਤ ਦਾ ਬੀਜ ਫੁੱਟ ਰਿਹਾ ਸੀ ਪਰ ਇਜ਼ਹਾਰ ਦੋਵਾਂ ਨੇ ਹੀ  ਨਾ ਕੀਤਾ | ਦੋਵਾਂ ਨੂੰ ਹੀ ਡਰ ਸੀ ਕਿ ਉਹਨਾਂ ਦੀ ਹਾਲਤ ਪ੍ਰੀਤ ਅਤੇ ਡਿੰਪਲ ਵਾਲੀ ਨਾ ਹੋ ਜਾਵੇ |

ਪ੍ਰੀਤ ਨੂੰ ਅੰਜਲੀ ਅਤੇ ਹਰਜੀਤ ਦੇ ਰਿਸ਼ਤੇ ਬਾਰੇ ਪਤਾ  ਲੱਗ ਗਿਆ ਸੀ ਅਤੇ ਉਹ ਵੀ ਦਿਲੋਂ ਚਾਹੁੰਦਾ ਸੀ ਕਿ ਇੰਨਾਂ ਦੋਵਾਂ ਦਾ ਮੇਲ ਹੋ ਜਾਵੇ ਪਰ ਓਹੀਓ ਡਰ ਇਸਦੇ ਮੂਹਰੇ ਵੀ ਸੀ ਕਿ ਇੰਨ੍ਹਾਂ ਨਾਲ ਵੀ ਓਹਦੇ ਵਰਗੀ ਨਾ ਹੋ ਜਾਵੇ ,ਉਂਞ ਉਸਨੇ ਇਹਨਾਂ ਦੋਵਾਂ ਨੂੰ ਘਰੋਂ ਭਜਾ ਕੇ ਵਿਆਹ ਕਰਾਉਣ ਦੀ ਯੋਜਨਾ ਬਣਾ ਲਈ ਸੀ ਪਰ ਉਹ ਇਹਨਾਂ ਦੋਵਾਂ ਦੀ ਹਾਮੀ ਚਾਹੁੰਦਾ ਸੀ ਪਰ ਹਰਜੀਤ ਤੇ ਅੰਜਲੀ ਇੱਕ ਦੂਸਰੇ ਨੂੰ ਇਜ਼ਹਾਰ ਵੀ ਨਹੀਂ ਕੀਤਾ ਸੀ |

ਜਿਉਂ ਫੁੱਟਦੀਆਂ ਇਸ਼ਕ ਕਿਆਰੀਆਂ

ਫੇਰ ਚੜ੍ਹ ਗਈਆਂ ਪਿਆਰ ਖੁਮਾਰੀਆਂ

ਦਿਲਾ ਗੱਲ ਵੱਸ ਚਾ' ਰਹੇ

ਲੰਘੇ ਇਸ਼ਕ ਦੀ ਯਾਦ ਵਸੇਂਦੀ

ਆਉਣ ਵਾਲੀ ਇਸ਼ਕ ਬਹਾਰ ਵਿਚੋਂ

ਥੋੜ੍ਹਾ ਸੋਚੀਂ ਪਿਆ ਹੈ ਗੱਭਰੂ

ਡਰ ਝਲਕਦਾ ਹੈ ਮੁਟਿਆਰ ਵਿੱਚੋਂ

ਰਹਿਮਤ ਰਹੇ ਸਦਾ ਜੋੜੀ ਉੱਤੇ

ਕਿਸੇ ਨੇ ਆਪਣੀਆਂ ਖੁਸ਼ੀਆਂ ਵਾਰੀਆਂ

ਦਿਲਾ ਗੱਲ ਵੱਸ ਚ' ਰਹੇ

" ਨਾ ਸੱਜਣਾ , ਨਾ ਲਿਖ ਇਹਨਾਂ ਬਾਰੇ " ਕੁੜੀ ਨੇ ਪ੍ਰੀਤ ਨੂੰ ਟੋਕਦਿਆਂ ਕਿਹਾ |

" ਮੈਂ ਕੁੱਝ ਚੱਜ ਦਾ ਲਿਖ ਹੀ ਨਹੀਂ ਰਿਹਾ , ਬਸ ਇੱਕ ਦੁਆ ਏ ਅੰਜਲੀ ਤੇ ਹਰਜੀਤ ਲਈ " ਪ੍ਰੀਤ ਨੇ ਕਿਹਾ |

" ਇਹਨਾਂ ਲਈ ਦੁਆ ਨਹੀਂ ,ਤੂੰ ਆਪਣੀ ਮੁਹੱਬਤ ਨੂੰ ਦੋਬਾਰਾ ਜਿਉਂਦਾ ਕਰਨਾ ਚਾਹੁੰਦਾ ਏਂ " ਕੁੜੀ ਬੋਲੀ |

" ਲਾਸ਼ਾਂ ਕਦੇ ਜਿਓਂਦੀਆਂ ਨਹੀਂ ਹੁੰਦੀਆਂ , ਬਸ ਰੂਹਾਂ ਭਟਕਦੀਆਂ ਰਹਿੰਦੀਆਂ ਨੇ " ਪ੍ਰੀਤ ਨੇ ਜਵਾਬ ਦਿੱਤਾ |

" ਭਟਕਦੀ ਰੂਹ ਦਾ ਬੋਝ ਇੰਨਾਂ ਵਿਚਾਰਿਆਂ ਤੇ ਨਾ ਪਾ , ਇਹ ਆਪਣੇ ਆਪ ਹੀ ਇੱਕ ਦੂਜੇ ਨਾਲ ਮਿਲ ਜਾਣਗੇ " ਕੁੜੀ ਨੇ ਪ੍ਰੀਤ ਦੇ ਮਨ ਦੀ ਸਮਝਦੇ ਹੋਏ ਕਿਹਾ |

" ਮੈਂ ਇੰਨੀ ਜਲਦੀ ਕੋਈ ਫੈਸਲਾ ਨਹੀਂ ਕਰਦਾ , ਦੋਵਾਂ ਦੀ ਮਰਜ਼ੀ ਤੋਂ ਬਾਅਦ ਹੀ ਮੈਂ ਇੰਨਾ ਦੋਵਾਂ ਨੂੰ ਮਿਲਾਵਾਂਗਾ " ਪ੍ਰੀਤ ਨੇ ਕੁੜੀ ਦੀ ਚਿੰਤਾ ਦੂਰ ਕਰਦੇ ਹੋਏ ਕਿਹਾ |

"ਤੈਨੂੰ ਇੰਨਾ ਦੋਵਾਂ ਨੂੰ ਮਿਲਾਉਣ ਦੀ ਜ਼ਰੂਰਤ ਨਹੀਂ ਪਵੇਗੀ " ਕੁੜੀ ਨੇ ਇੱਕ ਗੁੱਝੀ ਜਿਹੀ ਗੱਲ ਕਹੀ |

" ਕੀ ਮਤਲਬ ?" ਪ੍ਰੀਤ ਨੇ ਸਵਾਲੀਆ ਅੰਦਾਜ਼ ਵਿੱਚ ਪੁੱਛਿਆ |

"ਕੁੱਝ ਨਹੀਂ , ਤੁਸੀ ਹੌਂਸਲਾ ਰੱਖਿਓ , ਕੁੱਝ ਕੁ ਵਕਤ ਲਈ " ਕੁੜੀ ਨੇ ਕਿਹਾ |

" ਮੈਂ ਸਮਝਿਆ ਨਹੀਂ "

" ਕੁੱਝ ਬੁਰਾ ਹੋਣ ਵਾਲਾ ਆਪਣਾ ਧਿਆਨ ਰੱਖੀਂ " ਕੁੜੀ ਇੰਨਾ ਕਹਿ ਕੇ ਗਾਇਬ ਹੋ ਜਾਂਦੀ ਹੈ |

ਪ੍ਰੀਤ ਫਿਰ ਸੋਚਾਂ ਵਿੱਚ ਪੈ ਗਿਆ ,ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੁੜੀ ਕੀ ਕਹਿ ਗਈ ਏ |

ਕੁੱਝ ਸਮੇਂ ਬਾਅਦ ਹਰਜੀਤ ਉਸ ਕੋਲ ਰੋਂਦਾ ਹੋਇਆ ਆਉਂਦਾ ਹੈ ਅਤੇ ਪ੍ਰੀਤ ਨੂੰ ਧੱਕੇ ਨਾਲ ਗੱਡੀ ਵਿੱਚ ਬਿਠਾ ਲੈਂਦਾ ਹੈ | ਪ੍ਰੀਤ ਉਸਤੋਂ ਬਾਰ-ਬਾਰ ਪੁੱਛ ਰਿਹਾ ਸੀ ਕਿ ਕੀ ਹੋ ਗਿਆ ਪਰ ਹਰਜੀਤ ਦੇ ਮੂੰਹੋਂ ਬੋਲ ਨਹੀਂ ਸੀ ਨਿੱਕਲ ਰਿਹਾ | ਉਹ ਸਿਰਫ ਰੋ ਰਿਹਾ ਸੀ | ਪ੍ਰੀਤ ਨੂੰ ਇਸ ਗੱਲ ਦਾ ਅੰਦਾਜ਼ਾ ਹੋ ਗਿਆ  ਸੀ ਕਿ ਕੁੜੀ ਦੀ ਕਹੀ ਕੋਈ ਗੱਲ ਸੱਚ ਹੋ ਗਈ ਹੈ ਪਰ ਅਜਿਹਾ ਹੋਇਆ ਕੀ ਹੈ ਕਿਤੇ ਡਿੰਪਲ ਨੂੰ ਤਾਂ ਨਹੀਂ ਕੁਝ ਹੀ ਗਿਆ |

ਗੱਡੀ ਤੇਜ਼ ਰਫਤਾਰ ਵਿੱਚ ਦੌੜਦੀ ਹੋਈ ਇੱਕ ਪਿੰਡ ਦੇ ਸਿਵਿਆਂ ਵਿੱਚ ਪਹੁੰਚ ਗਈ | ਸਿਵਿਆਂ ਵਿੱਚ ਕਿਸੇ ਦਾ ਸਸਕਾਰ ਕੀਤਾ ਗਿਆ ਸੀ ਅਤੇ ਉਸਦਾ ਸਸਕਾਰ ਕਰਨ ਵਾਲੇ ਲੋਕ ਮੁੜ ਰਹੇ ਸੀ | ਕੁੱਝ ਸਮੇਂ ਬਾਅਦ ਉਥੇ ਕੋਈ ਵੀ ਨਾ ਰਿਹਾ ਪ੍ਰੀਤ ਇੱਕ ਦਮ ਖਾਮੋਸ਼ ਹੋਇਆ ਗੱਡੀ ਵਿੱਚ ਬੈਠਾ ਸੀ ,ਉਸਨੂੰ ਹਜੇ ਤੱਕ ਨਹੀਂ ਪਤਾ ਲੱਗਿਆ ਸੀ ਕਿ ਅਸਲ ਵਿੱਚ ਹੋਇਆ ਕੀ ਹੈ | ਉਹ ਹਰਜੀਤ ਤੋਂ ਵਾਰ ਵਾਰ ਪੁੱਛ ਰਿਹਾ ਸੀ ਪਰ ਹਰਜੀਤ ਨੇ ਉਸਨੂੰ ਕੁਝ ਨਾ ਦੱਸਿਆ, ਪ੍ਰੀਤ ਦੇ ਬਹੁਤ ਜ਼ਿਆਦਾ ਜ਼ੋਰ ਪਾਉਣ ਤੇ ਹਰਜੀਤ ਨੇ ਉਸਨੂੰ ਦੱਸਿਆ ਕਿ ਡਿੰਪਲ ਦੀ ਲਾਸ਼ ਦਾ ਸਸਕਾਰ ਹੋ ਰਿਹਾ ਹੈ |

ਇਹ ਸੁਣ ਪ੍ਰੀਤ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ , ਉਸਨੂੰ ਅਚਾਨਕ ਜਿਹੇ ਇੱਕ ਦੌਰਾ ਜਿਹਾ ਪਿਆ ਅਤੇ ਉਹ ਬੇਹੋਸ਼ ਹੋ ਗਿਆ ,ਹਰਜੀਤ ਨੇ ਉਸਦੇ ਮੂੰਹ ਉਪਰ ਪਾਣੀ ਦੇ ਛਿੱਟੇ ਮਾਰੇ ਅਤੇ ਉਸਨੂੰ ਹੋਸ਼ ਵਿੱਚ ਲਿਆਂਦਾ | ਪ੍ਰੀਤ ਜਿਵੇਂ ਹੀ ਹੋਸ਼ ਵਿੱਚ ਆਇਆ ਉਹ ਡਿੰਪਲ ਦੀ ਮੱਚੀ ਹੋਈ ਲਾਸ਼ ਵੱਲ ਦੌੜਿਆ ਜਿਵੇਂ ਹੀ ਮੱਚਦੇ ਸਿਵੇ ਉੱਪਰ ਡਿਗਣ ਲੱਗਾ ਉਥੇ ਬੈਠੇ ਇੱਕ ਬੁਜ਼ੁਰਗ ਫਕੀਰ ਨੇਂ ਉਸਨੂੰ ਬਾਹੋਂ ਫੜ੍ਹ ਰੋਕ ਲਿਆ | ਪ੍ਰੀਤ ਡਿੰਪਲ ਨਾਲ ਮਰ ਜਾਣਾ ਚਾਹੁੰਦਾ ਸੀ ਪਰ ਉਸ ਫ਼ਕੀਰ ਨੇ ਉਸਦੀ ਜਾਨ ਬਚਾ ਲਈ ਸੀ | ਪ੍ਰੀਤ ਕਿੰਨਾ ਹੀ ਸਮਾਂ ਓਥੇ ਬੈਠਾ ਰੋਂਦਾ ਰਿਹਾ ਅਤੇ ਹਰਜੀਤ ਉਸਨੂੰ ਸੰਭਾਲ ਰਿਹਾ ਸੀ , ਉਹ ਫ਼ਕੀਰ ਬੁਜ਼ੁਰਗ ਵੀ ਉਹਨਾਂ ਕੋਲ ਹੀ ਬੈਠਾ ਰਿਹਾ | ਉਹਨਾਂ ਨੂੰ ਉਥੇ ਬੈਠਿਆਂ ਸ਼ਾਮ ਹੋ ਗਈ |

ਹਰਜੀਤ ਦੇ ਪੁੱਛਣ ਤੇ ਫ਼ਕੀਰ ਨੇ ਦੱਸਿਆ ਕਿ ਲੋਕਾਂ ਦਾ ਕਹਿਣਾ ਹੈ ਕਿ ਕੁੜੀ ਦੀ ਮੌਤ ਘਰ ਦੀ ਰਸੋਈ ਵਿੱਚ ਅੱਗ ਲੱਗਣ ਕਾਰਨ ਹੋਈ ਹੈ ਪਰ ਅੰਦਰੋਂ ਲੋਕੀਂ ਦਸਦੇ ਹਨ ਕੀ ਕੁੜੀ ਦੇ ਸੌਹਰੇ ਦਾਜ ਦੇ ਲਾਲਚੀ ਸਨ ਅਤੇ ਕੁੜੀ ਨਾਲ ਗਾਲੀ ਗਲੋਚ ਵੀ ਕਰਦੇ ਸਨ , ਕੁੜੀ ਪਤਾ ਨਹੀਂ ਕਿਸ ਆਸ ਤੇ ਇਹਨਾਂ ਘਰ ਬੈਠੀ ਸੀ ,ਮੈਂ ਸੁਣਿਆ ਮਾਂ ਬਣਨ ਵਾਲੀ ਸੀ | ਵਿਚਾਰੀ ਜੱਗ ਦੇਖਣ ਤੋਂ ਪਹਿਲਾਂ ਹੀ ਰੱਬ ਘਰ ਚਲੀ ਗਈ |

ਪ੍ਰੀਤ ਇਹ ਸੁਣ ਸਮਝ ਗਿਆ ਕਿ ਜ਼ਰੂਰ ਉਹਨਾਂ ਨੇ ਡਿੰਪਲ ਨੂੰ ਦਾਜ ਦੇ ਲਾਲਚ ਵਿੱਚ ਅੱਗ ਦੇ ਹਵਾਲੇ ਕਰ ਦਿਤਾ ਹੈ ਉਹ ਗੁਸੇ ਵਿਚ ਉਥੋਂ ਉੱਠਿਆ ਅਤੇ ਫ਼ਕੀਰ ਬਾਬੇ ਤੋਂ ਕੁੜੀ ਦਾ ਘਰ ਪੁੱਛਣ ਲੱਗਾ ਪਰ ਫ਼ਕੀਰ ਬੁਜ਼ੁਰਗ ਨੇ ਉਸਦਾ ਗੁੱਸਾ ਦੇਖਦੇ ਉਸਨੂੰ ਰੋਕ ਲਿਆ ਅਤੇ ਪ੍ਰੀਤ ਨੂੰ ਸਮਝਾਇਆ ਕੀ ਫਿਲਹਾਲ ਇਸ ਸਭ ਦਾ ਕੋਈ ਫਾਇਦਾ ਨਹੀਂ ਹੈ ,ਹਲੇ ਤੱਕ ਇੰਨਾ ਕੋਲ ਕੋਈ ਸਬੂਤ ਨਹੀਂ ਸੀ ਕਿ ਉਹ ਕਤਲ ਹੈ ਜਾਂ ਫਿਰ ਹਾਦਸਾ | ਹਰਜੀਤ ਨੂੰ ਉਹਨਾਂ ਦੀ ਗੱਲ ਸਮਝ ਆ ਗਈ ਸੀ ਅਤੇ ਉਹ ਪ੍ਰੀਤ ਨੂੰ ਨਾਲ ਲੈ ਵਾਪਿਸ ਪਿੰਡ ਨੂੰ ਚੱਲ ਪਿਆ | ਪ੍ਰੀਤ ਦੇ ਮਨ ਵਿੱਚ ਕ੍ਰੋਧ ਵੀ ਸੀ ਅਤੇ

ਉਸਨੂੰ ਡਿੰਪਲ ਦੀ ਮੌਤ ਦਾ ਦੁੱਖ ਵੀ ਸੀ | ਉਹ ਸਾਰੇ ਰਸਤੇ ਰੋਂਦਾ ਹੀ ਜਾ ਰਿਹਾ ਸੀ | ਹਰਜੀਤ ਡਿੰਪਲ ਦੀ ਮੌਤ ਦਾ ਸੱਚ ਕੱਢਣ ਲਈ ਕੋਈ ਯੋਜਨਾ ਸੋਚਦਾ ਹੋਇਆ ਜਾ ਰਿਹਾ ਸੀ |

ਦੂਜੇ ਪਾਸੇ ਬੀਣਾ ਦੇ ਘਰ ਵਿੱਚ ਲੱਕੀ ਫਿਰ ਤੋਂ ਉਸਦਾ ਸ਼ਰੀਰਕ ਸ਼ੋਸ਼ਣ ਕਰ ਰਿਹਾ ਸੀ | ਲੱਕੀ ਬੈੱਡ ਉਪਰ ਬੈਠਾ ਸੀ ਅਤੇ ਬੀਣਾ ਜ਼ਮੀਨ ਤੇ ਇੱਕ ਕੱਪੜਾ ਲਪੇਟੀ ਬੈਠੀ ਸੀ |

ਬੀਣਾ :- ਸਾਬ , ਮੁਝੇ ਅਬ ਤੋ ਛੋੜ ਦੋ |

ਲੱਕੀ :- ਕੀ ਕਿਹਾ ?

ਬੀਣਾ:- ਔਰ ਕਿਆ ਸਾਬ , ਮੈਂ ਕਭੀ ਸੋਚ ਭੀ ਨਹੀਂ ਸਕਤੀ ਥੀ ਕਿ ਇਤਨੇ ਭਲੇ ਆਦਮੀ ਕਾ ਦੋਸਤ ਇਤਨਾ ਨੀਚ ਔਰ ਘਟੀਆ ਹੋਗਾ |

ਲੱਕੀ ਬੈੱਡ ਤੋਂ ਉੱਠ ਕੇ ਇੱਕ ਜ਼ੋਰਦਾਰ ਲੱਤ ਬੀਣਾ ਦੇ ਮਾਰਦਾ ਹੈ ਅਤੇ ਬੀਣਾ ਦਰਦ ਨਾਲ ਚੀਖ ਉੱਠਦੀ ਹੈ |

ਲੱਕੀ :- ਕੀ ਬੋਲੀ ਸਾਲੀਏ , ਮੈਂ ਘਟੀਆ ਹਾਂ , ਦੱਸਾਂ ਤੈਨੂੰ ਕਿੰਨਾ ਘਟੀਆ ਹਾਂ ਮੈਂ ?

ਲੱਕੀ :- ਜਾਣਦੀ ਏਂ ,ਮੈਂ ਕੌਣ ਆਂ , ਪ੍ਰੀਤ ਜਿਹੜਾ ਤੇਰਾ ਹਮਦਰਦ ਬਣਿਆ ਬੈਠਾ ਉਸਦੀ ਇਸ ਹਾਲਤ ਦਾ ਜਿੰਮੇਵਾਰ ਮੈਂ ਹੀ ਹਾਂ, ਡਿੰਪਲ ਦੇ ਭਰਾ ਨੂੰ ਇੰਨਾ ਦੋਵਾਂ ਦੇ ਰਿਸ਼ਤੇ ਬਾਰੇ ਮੈਂ ਦੱਸਿਆ ਸੀ , ਸਾਲਾ ਮੇਰੇ ਮਾਲ ਤੇ ਨਿਗਾਹ ਰੱਖਦਾ ਸੀ , ਜੋ ਚੀਜ਼ ਮੇਰੀ ਨਹੀਂ ਹੋ ਸਕਦੀ ਉਹ ਮੈਂ ਕਿਸੇ ਦੀ ਨਹੀਂ ਹੋਣ ਦਿੰਦਾ |

ਲੱਕੀ :- ਹੋਰ ਦਸਾਂ , ਡਿੰਪਲ ਦੇ ਸੌਹਰੇ ਪਰਿਵਾਰ ਨੂੰ ਵੀ ਮੈਂ ਹੀ ਦੱਸਿਆ ਕਿ ਡਿੰਪਲ ਦਾ ਹੋਣ ਵਾਲਾ ਬੱਚਾ ਪ੍ਰੀਤ ਦਾ ਹੈ , ਹੁਣ ਤੱਕ ਤਾਂ ਸਾਲੀ ਦੇ ਮਾਰ-ਮਾਰ ਹੱਡ ਛਿੱਲਤੇ ਹੋਣੇ ਆ , ਵੱਡੇ ਆਏ ਸੀ ਪਿਆਰ ਦੀ ਨਿਸ਼ਾਨੀ ਜਿਓਂਦੀ ਰੱਖਣ ਵਾਲੇ |

ਇਹ ਸਭ ਸੁਣ ਬੀਣਾ ਨੂੰ ਗੁੱਸਾ ਚੜ੍ਹ ਜਾਂਦਾ ਹੈ , ਉਹ ਲੱਕੀ ਤੇ ਜ਼ਖਮੀ ਸ਼ੇਰਨੀ ਵਾਂਗ ਝਪੱਟਾ ਮਾਰਦੀ ਹੈ ਅਤੇ ਇੱਕ ਦਮ ਉਸਨੂੰ ਢਾਅ ਕੇ ਉਸਦੇ ਉੱਪਰ ਬੈਠ ਉਸਦੇ ਮੁੱਕੀਆਂ ਮਾਰਨ ਲਗਦੀ ਹੈ ਪਰ ਉਹ ਜ਼ਿਆਦਾ ਟਾਈਮ ਉਸਤੇ ਉਪਰ ਹਾਵੀ ਨਾ ਰਹਿ ਸਕੀ |

ਲੱਕੀ ਨੇ ਉਸ ਉਪਰ ਕਾਬੂ ਪਾ ਲਿਆ ਅਤੇ ਉਸਨੂੰ ਮਾਰ-ਮਾਰ ਅੱਧਮਰੀ ਕਰ ਦਿੱਤਾ ,ਉਸ ਵਿੱਚ ਹੁਣ ਉੱਠਣ ਦੀ ਹਿੰਮਤ ਨਹੀਂ ਬਚੀ ਸੀ |

ਲੱਕੀ ਨੇ ਹੁਣ ਬੀਣਾ ਦਾ ਪੱਤਾ ਸਾਫ ਕਰਨ ਦਾ ਸੋਚ ਲਿਆ ਸੀ ਕਿਓਂਕਿ ਜੇਕਰ ਉਹ ਹੁਣ ਇਥੇ ਰਹੀ ਤਾਂ ਪ੍ਰੀਤ ਨੂੰ ਉਸਦੀਆਂ ਸਭ ਕਰਤੂਤਾਂ ਦਸ ਦੇਵੇਗੀ | ਉਸਨੇ ਤੁਰੰਤ ਪੁਲਸ ਨੂੰ ਫੋਨ ਕੀਤਾ ਅਤੇ ਬੀਣਾ ਬਾਰੇ ਸਾਰੀ ਜਾਣਕਾਰੀ ਦੇ ਦਿੱਤੀ , ਲੱਕੀ ਹਲੇ ਫੋਨ ਤੇ ਗੱਲ ਕਰ ਹੀ ਰਿਹਾ ਸੀ ਕਿ ਬੀਣਾ ਨੇ ਕਮਰੇ ਵਿੱਚ ਪਈ ਛੋਟੀ ਜਿਹੀ ਕੁਰਸੀ ਨਾਲ ਉਸਦੇ ਸਿਰ ਉਪਰ ਪਿੱਛੋਂ ਵਾਰ ਕੀਤਾ , ਲੱਕੀ ਦੇ ਹੇਠਾਂ ਡਿੱਗਣ ਤੇ ਵੀ ਉਹ ਵਾਰ-ਵਾਰ ਉਸਤੇ ਵਾਰ ਕਰ ਰਹੀ ਸੀ , ਜਦੋਂ ਲੱਕੀ ਦੇ ਸ਼ਰੀਰ ਨੇ ਹਰਕਤ ਕਰਨੀ ਬੰਦ ਕਰ ਦਿੱਤੀ ਤਾਂ ਬੀਣਾ ਰੁੱਕ ਗਈ , ਜਦੋਂ ਉਸਨੇ ਉਸਦੀ ਨਬਜ਼ ਦੇਖੀ ਤਾਂ ਉਹ ਮਰ ਚੁੱਕਾ ਸੀ | ਬੀਣਾ ਘਬਰਾਹਟ ਨਾਲ ਹੇਠਾਂ ਡਿੱਗ ਪਈ , ਉਸਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਹੁਣ ਕੀ ਕਰੇ |

ਕੁੱਝ ਸਮੇਂ ਬਾਅਦ ਜਦੋਂ ਉਸਨੇ ਥੋੜ੍ਹੀ ਹੋਸ਼ ਸੰਭਾਲੀ ਤਾਂ ਉਸਨੇ ਆਪਣੇ ਕੱਪੜੇ ਪਹਿਨੇ ਅਤੇ ਤੁਰੰਤ ਘਰੋਂ ਬਾਹਰ ਨਿੱਕਲ ਗਈ ਪਰ ਘਰ ਦੇ ਬਾਹਰ ਹੀ ਉਸਨੂੰ

ਪੁਲਿਸ ਨੇ ਫੜ੍ਹ ਲਿਆ , ਦੋ ਲੇਡੀ ਹਵਾਲਦਾਰਾਂ ਨੇ ਉਸਨੂੰ ਆਪਣੇ ਕਬਜੇ ਵਿੱਚ ਕਰ ਲਿਆ ਅਤੇ ਨਾਲ ਆਇਆ ਥਾਣੇਦਾਰ ਘਰ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਅੰਦਰ ਚਲਾ ਗਿਆ |

ਪ੍ਰੀਤ ਤੇ ਹਰਜੀਤ ਵੀ ਵਾਪਸੀ ਵੇਲੇ ਉੱਥੋਂ ਲੰਘ ਰਹੇ ਸੀ , ਪੁਲਿਸ ਦੇਖ ਕੇ ਉਹ ਦੋਵੇਂ ਗੱਡੀ ਵਿੱਚੋਂ ਹੇਠਾਂ ਉੱਤਰ ਘਰ ਵੱਲ ਆਉਣ ਲੱਗੇ | ਪ੍ਰੀਤ ਨੂੰ ਦੇਖ ਬੀਣਾ ਨੇ ਇੱਕ ਦਮ ਹਵਲਦਾਰਨੀਆਂ ਤੋਂ ਹੱਥ ਛੁਡਵਾਇਆ ਅਤੇ ਪ੍ਰੀਤ ਵੱਲ ਦੌੜ ਪਈ , ਜਿਵੇਂ ਹੀ ਉਹ ਪ੍ਰੀਤ ਕੋਲ ਪਹੁੰਚਣ ਵਾਲੀ ਸੀ ਤਾਂ ਘਰ ਵਿੱਚੋਂ ਨਿਕਲ ਰਹੇ ਥਾਣੇਦਾਰ ਨੇ ਉਸਨੂੰ ਭੱਜਦੀ ਦੇਖ ਉਸਤੇ ਗੋਲੀ ਚਲਾ ਦਿੱਤੀ ਪਰ ਗੋਲੀ ਬੀਣਾ ਨੂੰ ਲੱਗਣ ਦੀ ਥਾਵੇਂ ਪ੍ਰੀਤ ਦੀ ਛਾਤੀ ਵਿੱਚ ਜਾ ਵੱਜਦੀ ਹੈ ਅਤੇ ਪ੍ਰੀਤ ਲਹੂ-ਲੁਹਾਣ ਹੋਇਆ ਹੇਠਾਂ ਡਿੱਗ ਜਾਂਦਾ ਹੈ ,ਬੀਣਾ ਨੂੰ ਆਪਣੀਆਂ ਬਾਹਾਂ ਵਿੱਚ ਪ੍ਰੀਤ ਆਖਰੀ ਸਾਹਾਂ ਵਿੱਚ ਮਿਲਦਾ ਹੈ |

ਥਾਣੇਦਾਰ ਅਤੇ ਹਵਲਦਾਰਨੀਆਂ ਉਹਨਾਂ ਕੋਲ ਭੱਜ ਕੇ ਆਉਂਦੀਆਂ ਹਨ ਪਰ ਪ੍ਰੀਤ ਹੁਣ ਦਮ ਤੋੜ ਚੁੱਕਾ ਸੀ | ਬੀਣਾ ਦੀਆਂ ਬਾਹਾਂ ਵਿੱਚ ਪ੍ਰੀਤ ਦੀ ਲਾਸ਼ ਪਈ ਸੀ ਅਤੇ ਉਹ ਪਾਗਲਾਂ ਵਾਂਗ ਰੋ ਰਹੀ ਸੀ | ਕੁੱਝ ਸਮੇਂ ਬਾਅਦ ਥਾਣੇਦਾਰ ਹੋਰ ਪੁਲਿਸ ਪਾਰਟੀ ਬੁਲਾਉਂਦਾ ਹੈ ਅਤੇ ਪ੍ਰੀਤ ਦੀ ਲਾਸ਼ ਨੂੰ ਅਤੇ ਬੀਣਾ ਨੂੰ ਨਾਲ ਲੈ ਜਾਂਦੇ ਹਨ | ਹਰਜੀਤ ਪਿੰਡ ਖ਼ਬਰ ਕਰਕੇ ਉਨ੍ਹਾਂ ਪਿੱਛੇ ਹੀ ਚਲਾ ਜਾਂਦਾ ਹੈ |

ਅੱਜ ਇੱਕ ਦਰਦ ਭਰੀ ਮੁਹੱਬਤ ਕਹਾਣੀ ਦਾ ਅੰਤ ਹੋ ਗਿਆ ਸੀ |

ਪ੍ਰੀਤ ਅਤੇ ਡਿੰਪਲ ਦੇ ਭੋਗ ਪੈਣ ਤੋਂ ਬਾਅਦ ਹਰਜੀਤ ਨੇ ਡਿੰਪਲ ਦੇ ਸੌਹਰਿਆਂ ਤੇ ਮੁਕੱਦਮਾ ਕਰ ਦਿੱਤਾ ਅਤੇ ਬੀਣਾ ਨੂੰ ਦਸ ਸਾਲ ਦੀ ਜੇਲ ਹੋ ਗਈ | ਚਾਰ- ਪੰਜ ਸਾਲਾਂ

ਬਾਅਦ ਇਹ ਸਾਬਿਤ ਹੋ ਗਿਆ ਕਿ ਡਿੰਪਲ ਦੇ ਸੌਹਰਿਆਂ ਨੇ ਉਸਦਾ ਕਤਲ ਕੀਤਾ ਸੀ ਅਤੇ ਉਹਨਾਂ ਨੂੰ ਵੀ ਸਜਾ ਹੋ ਗਈ |

ਹਰਜੀਤ ਅਤੇ ਅੰਜਲੀ ਨੇ ਵਿਆਹ ਕਰਵਾ ਲਿਆ ਸੀ ਅਤੇ ਇੱਕ ਸਾਲ ਬਾਅਦ ਉਹਨਾਂ ਦੇ ਘਰ ਇੱਕ ਧੀ ਜੰਮੀ ਜਿਸਦਾ ਨਾਮ ਉਹਨਾਂ ਨੇ ਡਿੰਪਲਪ੍ਰੀਤ ਰੱਖਿਆ |

ਸਮਾਪਤ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

## ਲੇਖਕ ਵਲੋਂ :-

ਸਤਿ ਸ੍ਰੀ ਅਕਾਲ ਜੀ ,

ਕਹਾਣੀ ਢਲਦੇ-ਪਰਛਾਵੇਂ ਨੂੰ ਆਪ ਸਭ ਦਾ ਬਹੁਤ ਪਿਆਰ ਮਿਲਿਆ , ਇਸ ਪਿਆਰ ਲਈ ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ | ਉਮੀਦ ਹੈ ਇਸ ਕਹਾਣੀ ਦਾ ਇਹ ਆਖ਼ਿਰੀ ਭਾਗ ਵੀ ਆਪ ਸਭ ਨੂੰ ਪਸੰਦ ਆਇਆ ਹੋਇਆ ਹੋਵੇਗਾ | ਕਹਾਣੀ ਲਿਖਣ ਵਿੱਚ ਹੋਈਆਂ ਗ਼ਲਤੀਆਂ/ਗੁਸਤਾਖੀਆਂ ਲਈ ਮੈਨੂੰ ਮਾਫ ਕਰਨਾ ਜੀ | ਇਸ ਕਹਾਣੀ ਬਾਰੇ ਆਪਣੇ ਵਿਚਾਰ/ ਸੁਝਾਅ ਜ਼ਰੂਰ ਦੇਣਾ ਜੀ |

ਤੁਸੀਂ ਮੇਰੇ ਨਾਲ ਹੇਠਾਂ ਲਿਖੇ ਨੰਬਰ ਅਤੇ ਇੰਸਟਾਗ੍ਰਾਮ ਤੇ ਰਾਬਤਾ ਕਰ ਸਕਦੇ ਹੋ ਜੀ:-

ਵਟਸਅੱਪ ਨੰਬਰ :-62809-81326

Instagram :- @m_preet_sidhu

@Akhar_sanjh

ਨੋਟ :-

ਸਾਡੀ ਕਿਤਾਬ ਆਈ ਹੈ ਅੱਖਰ ਸਾਂਝ ਤੁਸੀ ਖਰੀਦਣ ਲਈ ਮੈਨੂੰ ਸੰਪਰਕ ਕਰ ਸਕਦੇ ਹੋ ਜੀ |